X

73 – Chairs & Tables in Govt Schools (order of Child Right Commission)

Orders


ਦਫਤਰ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ, ਵਣ ਭਵਨ, ਦੂਜੀ ਮੰਜਿਲ, ਟਾਵਰ-4,
ਸੈਕਟਰ-68,ਐਸ.ਏ.ਐਸ.ਨਗਰ,ਮੁਹਾਲੀ ਫੋਨ ਨੰ:0172-2298093

**Email ID scpcrpunjab@gmail.com**


ਹਰੀ ਚੰਦ, ਐਡਵੋਕੇਟ ਪੁੱਤਰ ਸ਼੍ਰੀ ਲੇਟ ਸ਼੍ਰੀ ਸੁੰਦਰ ਦਾਸ,
ਵਾਸੀ ਮਕਾਨ ਨੰ: 2299, ਸੈਕਟਰ 44-ਸੀ, ਚੰਡੀਗੜ੍ਹ।

ਸ਼ਿਕਾਇਤਕਰਤਾ

ਬਨਾਮ

ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ ਅਤੇ ਹੋਰ

ਜਵਾਬਦੇਹ

ਸ਼ਿਕਾਇਤ ਨੰਬਰ ਨੰ: 53/ਐਮ.ਐਚ.ਐਲ/2019, ਮਿਤੀ 20.06.2019

ਹੁੱਕਮ:

ਸ਼੍ਰੀ ਹਰੀ ਚੰਦ, ਐਡਵੋਕੇਟ ਵਲੋਂ ਆਪਣੇ ਵਕੀਲ ਸ਼੍ਰੀ ਜੇ.ਐਸ.ਰਾਣਾ ਰਾਹੀਂ ਕੰਮਪਲੇਂਟ ਨੰ: 53 ਮਿਤੀ 20.6.2019 ਕਮਿਸ਼ਨ ਵਿੱਚ ਸ਼ਿਕਾਇਤ ਦਿੱਤੀ ਸੀ ਕਿ ਪੰਜਾਬ ਸਰਕਾਰ ਵਲੋਂ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਨੂੰ ਬੈਂਚ ਮੁਹੱਈਆਂ ਨਹੀ ਕਰਵਾਏ ਗਏ ਉਹ ਫਲੋਰ ਮੈਟਸ ਤੇ ਬੈਠਣ ਲਈ ਮਜਬੂਰ ਹਨ। ਉਹਨਾਂ ਵਲੋਂ ਆਪਣੀ ਇਸ ਸ਼ਿਕਾਇਤ ਦੇ ਨਾਲ ਰਾਜ ਦੇ ਅਜਿਹੇ 77 ਸਕੂਲਾਂ ਦੀ ਲਿਸਟ ਨੱਥੀ ਕੀਤੀ ਹੈ ਜਿਹਨਾਂ ਵਿੱਚ ਬੈਂਚ/ਟੇਬਲ/ਕੁਰਸੀ ਆਦਿ ਦੀ ਕਮੀ ਪਾਈ ਗਈ ਹੈ, ਉਹਨਾਂ ਵਲੋਂ ਕਮਿਸ਼ਨ ਨੂੰ ਇਹ ਬੇਨਤੀ ਕੀਤੀ ਗਈ ਹੈ ਕਿ ਉਹ ਰਾਜ ਸਰਕਾਰ ਨੂੰ ਇਹ ਹਦਾਇਤਾਂ ਜਾਰੀ ਕਰਨ ਕਿ ਇਹਨਾਂ 77 ਸਕੂਲਾਂ ਨੂੰ ਤੁਰੰਤ ਪ੍ਰਭਾਵ ਤੋਂ ਬੈਂਚ/ਟੇਬਲ/ਚੇਅਰ ਪ੍ਰਦਾਨ ਕਰਵਾਉਣ।

ਇਸ ਕੇਸ ਦੀ ਸੁਣਵਾਈ ਮਿਤੀ 11.7.2019 ਸਮੇਂ ਸ਼ਿਕਾਇਤਕਰਤਾ ਸ਼੍ਰੀ ਹਰੀ ਚੰਦ, ਐਡਵੋਕੇਟ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀ ਸ਼੍ਰੀ ਸੁਸ਼ੀਲ ਨਾਥ, ਸਹਾਇਕ ਡਾਇਰੈਕਟਰ, ਸਮਗਰਾ ਸਿੱਖਿਆ ਅਭਿਆਨ ਅਥਾਰਟੀ (SAMAGRA) ਪੇਸ਼ ਹੋਏ। ਸਿੱਖਿਆ ਵਿਭਾਗ ਦੇ ਅਧਿਕਾਰੀ ਵਲੋਂ ਲਿਖਤੀ ਜਵਾਬ ਪੇਸ਼ ਕੀਤਾ ਗਿਆ ਜਿਸ ਵਿੱਚ ਉਹਨਾਂ ਵਲੋਂ ਦੱਸਿਆ ਗਿਆ ਹੈ ਕਿ ਰਾਜ ਵਿੱਚ 19166 ਸਕੂਲ ਹਨ ਜਿਹਨਾਂ ਵਿੱਚੋਂ 12850 ਸਰਕਾਰੀ ਪ੍ਰਾਇਮਰੀ ਸਕੂਲ ਹਨ, ਇਹਨਾਂ ਵਿੱਚੋਂ 2600 ਦੇ ਲੱਗਭੱਗ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਪਹਿਲਾਂ ਹੀ ਸਮਾਰਟ ਸਕੂਲ ਦਾ ਦਰਜਾ ਪ੍ਰਾਪਤ ਹੈ, ਜਿਹਨਾਂ ਵਿੱਚ ਯੋਗ ਫਰਨੀਚਰ ਪਹਿਲਾਂ ਹੀ ਉਪਲਬਧ ਹੈ, ਬਾਕੀ ਰਹਿੰਦੇ ਸਕੂਲਾਂ ਵਿੱਚ ਮੁੱਢਲਾਂ ਢਾਂਚਾ ਜਿਸ ਵਿੱਚ ਨਵੀਆਂ ਬਿਲਡਿੰਗਾਂ, ਟਾਇਲੈਟਸ, ਪੀਣ ਵਾਲਾ ਪਾਣੀ ਅਤੇ ਫਰਨੀਚਰ ਆਦਿ ਪੜਾਅਵਾਰ ਪ੍ਰਦਾਨ ਕੀਤਾ ਜਾਵੇਗਾ। ਵਿੱਤੀ ਸਾਲ 2018-19 ਦੌਰਾਨ ਪ੍ਰਾਇਮਰੀ ਸਕੂਲਾਂ ਨੂੰ 37250 ਡਿਊਲ ਡੈਸਕ ਬੈਂਚ ਜੋ ਕਿ ਕੁੱਲ 1463 ਸਕੂਲਾਂ ਨੂੰ ਪ੍ਰਦਾਨ ਕਰਵਾਏ ਜਾ ਚੁੱਕੇ ਹਨ। ਸਾਲ 2019-20 ਦੌਰਾਨ 25000 ਡਿਊਲ ਡੈਸਕ ਬੈਂਚ ਦੀ ਖਰੀਦ ਦਾ ਆਡਰ ਦਿੱਤਾ ਜਾ ਚੁੱਕਾ ਹੈ, ਜੋ ਕਿ ਪ੍ਰਇਮਰੀ ਸਕੂਲਾਂ ਨੂੰ ਪਹਿਲ ਦੇ ਅਧਾਰ ਤੇ ਮੁਹੱਇਆ ਕਰਵਾਏ ਜਾਣਗੇ। ਉਹਨਾਂ ਵਲੋਂ ਆਪਣੇ ਲਿਖਤੀ ਜਵਾਬ ਵਿੱਚ ਇਹ ਦੱਸਿਆ ਗਿਆ ਹੈ ਕਿ ਲਿਸਟ

Scanned by CamScanner

ਵਿਚਲੇ 77 ਸਕੂਲਾਂ ਵਿੱਚੋਂ 58 ਪ੍ਰਾਇਮਰੀ ਸਕੂਲਾਂ ਦੀ ਫਰਨੀਚਰ ਦੇ ਮੰਗ ਦੀ ਪੂਰਤੀ ਆਉਣ ਆਲੇ 3 ਮਹੀਨਿਆ ਵਿੱਚ ਪਹਿਲ ਦੇ ਅਧਾਰ ਤੇ ਪੂਰੀ ਕੀਤੀ ਜਾਵੇਗੀ। ਬਾਕੀ ਰਹਿੰਦੇ ਸਕੂਲਾਂ ਦਾ ਫਰਨੀਚਰ ਦੀ ਮੰਗ ਵੀ ਹਰ ਜਿਲ੍ਹੇ ਵਿੱਚੋਂ ਫਰਨੀਚਰ ਦੀ ਰੈਸ਼ਨਲਾਜੇਸ਼ਨ ਕਰਦੇ ਸਮੇਂ ਪਹਿਲ ਦੇ ਅਧਾਰ ਤੇ ਮੁਕੰਮਲ ਕੀਤੀ ਜਾਵੇਗੀ।

ਦੋਨਾਂ ਧਿਰਾਂ ਨੂੰ ਸੁਣਨ ਉਪਰੰਤ ਕਮਿਸ਼ਨ ਇਸ ਨਤੀਜੇ ਤੇ ਪੁੱਜਾ ਹੈ ਕਿ ਸਿੱਖਿਆ ਵਿਭਾਗ, ਸ਼ਿਕਾਇਤਕਰਤਾ ਵਲੋਂ ਦਰਸਾਏ ਗਏ 77 ਸਕੂਲਾਂ ਨੂੰ ਪਹਿਲ ਦੇ ਅਧਾਰ ਤੇ ਬੱਚਿਆਂ ਦੇ ਬੈਠਣ ਲਈ ਡੈਸਕ/ਕੁਰਸੀ/ਟੇਬਲ ਆਦਿ ਪ੍ਰਦਾਨ ਕਰਵਾਏ ਜਾਣ ਅਤੇ ਰਾਜ ਦੇ ਸਮੂਹ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਵੀ ਸਮਾਂ-ਬੱਧ ਤਰੀਕੇ ਨਾਲ ਡੈਸਕ/ਕੁਰਸੀ/ਟੇਬਲ ਪ੍ਰਦਾਨ ਕਰਵਾਉਣ ਲਈ ਯੋਜਨਾਂਬੰਦੀ ਕੀਤੀ ਜਾਵੇ।

ਰਾਜੀ ਸ੍ਰੀ ਵਾਸਤਵ
ਚੇਅਰਪਰਸਨ

ਮਿਤੀ: 06.08.2019

ਪਿੱਠ ਅੰਕਣ ਨੰ:48/ਐਫ.ਜੈਡ.ਐਲ/2019/840-42 ਮਿਤੀ: 14.08.2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਸ੍ਰੀ ਸੁਸ਼ੀਲ ਨਾਥ, ਸਹਇਕ ਡਾਇਰੈਕਟਰ, ਸਮਗਰਾ ਸਿੱਖਿਆ ਅਭਿਆਨ ਅਥਾਰਟੀ (SAMAGRA), ਸਿੱਖਿਆ ਭਵਨ, ਫੇਜ-8, ਐਸ.ਏ.ਐਸ ਨਗਰ।
3. ਹਰੀ ਚੰਦ, ਐਡਵੋਕੇਟ ਪੁੱਤਰ ਸ੍ਰੀ ਲੇਟ ਸ੍ਰੀ ਸੁੰਦਰ ਦਾਸ, ਵਾਸੀ ਮਕਾਨ ਨੰ: 2299, ਸੈਕਟਰ 44-ਸੀ, ਚੰਡੀਗੜ੍ਹ।

ਰਾਜੀ ਸ੍ਰੀ ਵਾਸਤਵ
ਚੇਅਰਪਰਸਨ

Scanned by CamScanner